**ਸਿੱਖ ਨਸਲਕੁਸ਼ੀ ੧੯੮੪ ਦੇ ਤੱਥ ਨੂੰ ਕੌਮਾਂਤਰੀ ਮਾਨਤਾ**

# ਕੀ ਕਹਿੰਦਾ ਹੈ ਨਿਊ ਜਰਸੀ ਸੈਨੇਟ ਵਲੋਂ ਪ੍ਰਵਾਣ ਕੀਤਾ ਗਿਆ ਮਤਾ?

ਸਿੱਖ ਸਿਆਸਤ ਬਿਊਰੋ

ਕਿਸੇ ਵੀ ਜੁਰਮ ਦੀ ਸਹੀ ਤਸੀਰ ਨੂੰ ਤਸਲੀਮ ਕਰਨਾ ਇਕ ਬਹੁਤ ਅਹਿਮ ਗੱਲ ਹੁੰਦੀ ਹੈ ਅਤੇ ਨਸਲਕੁਸ਼ੀ ਜਿਹੇ ਜ਼ੁਰਮ ਦੇ ਮਾਮਲੇ ਵਿਚ ਇਹ ਗੱਲ ਹੋਰ ਵੀ ਅਹਿਮ ਹੋ ਜਾਂਦੀ ਹੈ। ਕੌਮਾਂਤਰੀ ਕਾਨੂੰਨ ਤਹਿਤ ਨਸਲਕੁਸ਼ੀ ਨੂੰ ਇਕ ਅਤਿ ਸੰਗੀਨ ਜ਼ੁਰਮ ਮੰਨਿਆ ਗਿਆ ਹੈ। ਨਸਲਕੁਸ਼ੀ ਨੂੰ ਮਹਾਂ-ਜ਼ੁਰਮ (ਕਰਾਈਮ ਆਫ ਕਰਾਈਮਸ) ਕਿਹਾ ਜਾਂਦਾ ਹੈ।

ਦਿੱਲੀ ਦਰਬਾਰ ਨੇ ਨਵੰਬਰ ੧੯੮੪ ਦੇ ਘੱਲੂਘਾਰੇ ਨੂੰ 'ਦਿੱਲੀ ਦੰਗਿਆਂ' ਦਾ ਨਾਂ ਦੇ ਕੇ ਇੰਡੀਆ ਭਰ ਵਿਚ ਵਾਪਰੇ ਇਸ ਮਹਾਂ-ਜ਼ੁਰਮ ਦੀ ਅਸਲ ਤਾਸੀਲ ਲੁਕਾਉਣ ਦੀ ਕੋਸ਼ਿਸ਼ ਕੀਤੀ ਸੀ। 'ਦਿੱਲੀ ਦੰਗਿਆਂ' ਦੀ ਸੰਗਿਆ ਨਾਲ ਇਸ ਤਾਂ ਇੰਡੀਆ ਭਰ ਵਿਚ ਵਾਪਰੇ ਇਸ ਘਾਣ ਦਾ ਖੇਤਰੀ ਦਾਇਰਾ ਦਿੱਲੀ ਤੱਕ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਦੂਜਾ ਦੀ ਨਸਲਕੁਸ਼ੀ ਵਾਲੀ ਤਾਸੀਰ ਨੂੰ ਲੁਕਾ ਕੇ ਇਸ ਨੂੰ ਮਹਿਜ਼ 'ਦੰਗੇ' ਦਰਸਾਉਣ ਦਾ ਯਤਨ ਕੀਤਾ ਗਿਆ ਸੀ।

ਪਿਛਲੇ ਕਰੀਬ ਦਹਾਕੇ ਕੁ ਤੋਂ, ਅਤੇ ਖਾਸ ਕਰਕੇ ੨੦੧੪ ਤੋਂ, ਕੌਮਾਂਤਰੀ ਭਾਈਚਾਰੇ ਵਲੋਂ ਨਵੰਬਰ ੧੯੮੪ ਬਾਰੇ ਦਿੱਲੀ ਦਰਬਾਰ ਵਲੋਂ ਸਿਰਜੇ ਗਏ ਬਿਰਤਾਂਤ ਨੂੰ ਨਕਾਰਦਿਆਂ ਇੰਡੀਆ ਭਰ ਵਿਚ ਸਿੱਖਾਂ ਦੇ ਕੀਤੇ ਗਏ ਇਸ ਘਾਣ ਨੂੰ ਨਸਲਕੁਸ਼ੀ ਤਸਲੀਮ ਕੀਤਾ ਜਾ ਰਿਹਾ ਹੈ।

ਇਸੇ ਕੜੀ ਤਹਿਤ ਲੰਘੀ ੧੦ ਜਨਵਰੀ ੨੦੨੨ ਨੂੰ ਅਮਰੀਕਾ ਦੇ ਸੂਬੇ ਨਿਊ ਜਰਸੀ ਦੀ ਸੈਨੇਟ ਵਲੋਂ ਸਰਬਸੰਮਤੀ ਨਾਲ ਨਵੰਬਰ ੧੯੮੪ ਦੀ ਇੰਡੀਆ ਭਰ ਵਿਚ ਵਾਪਰੀ ਸਿੱਖ ਵਿਰੋਧੀ ਹਿੰਸਾ ਦੀ ਨਸਲਕੁਸ਼ੀ ਵਜੋਂ ਨਿਖੇਧੀ ਕਰਦਾ ਮਤਾ ਪ੍ਰਵਾਣ ਕੀਤਾ ਗਿਆ ਹੈ। ਇਸ ਮਤੇ ਵੀ ਕੀ ਕੁਝ ਬਿਆਨ ਕੀਤਾ ਗਿਆ ਹੈ ਇਹ ਜਾਨਣਾ ਅਹਿਮ ਹੈ ਕਿਉਂਕਿ ਇਸ ਮਤੇ ਵਿਚ ਬਹੁਤ ਹੀ ਸਪਸ਼ਟਤਾ ਨਾਲ ਤੱਥ ਬਿਆਨ ਕਰਨ ਤੋਂ ਬਾਅਦ ਹੀ ਨਵੰਬਰ ੧੯੮੪ ਦੀ ਸਿੱਖ ਵਿਰੋਧੀ ਹਿੰਸਾ ਦੀ ਨਸਲਕੁਸ਼ੀ ਵਜੋਂ ਨਿਖੇਧੀ ਕੀਤੀ ਗਈ ਹੈ।

ਸਿੱਖ ਸਿਆਸਤ ਵਲੋਂ ਨਿਊ ਜਰਸੀ ਸੈਨੇਟ ਦੇ ਇਸ ਮਤੇ (ਮਤਾ ਨੰਬਰ ੧੪੨, ੧੦ ਜਨਵਰੀ ੨੦੨੨) ਦਾ ਪੰਜਾਬ ਉਲੱਥਾ ਪਾਠਕਾਂ ਦੀ ਜਾਣਕਾਰੀ ਹਿਤ ਇਥੇ ਸਾਂਝਾ ਕੀਤਾ ਜਾ ਰਿਹਾ ਹੈ;-

**ਸੈਨੇਟ ਮਤਾ ਅੰਕ ੧੪੨**

**ਸਟੇਟ ਆਫ ਨਿਊ ਜਰਸੀ**

**੨੧੯ਵੀਂ ਕਾਨੂੰਨਘੜਨੀ ਸਭਾ**

**ਪੇਸ਼ ਕਰਨ ਦੀ ਮਿਤੀ: ਜਨਵਰੀ ੬, ੨੦੨੨**

**ਪੇਸ਼ ਕਰਤਾ:** ਸੈਨੇਟਰ ਸਟੈੱਪਹਨ ਐਮ. ਸਵੀਨੀ, ਜਿਲ੍ਹਾ ੩ (ਕੁੰਬਰਲੈਂਡ, ਗਲੌਸੈਸਟੈਰ ਅਤੇ ਸੈਲੇਮ)

**ਸਾਰ:** ਨਵੰਬਰ ੧੯੮੪ ਦੀ ਇੰਡੀਆ ਵਿਚਲੀ ਸਿੱਖ ਵਿਰੋਧੀ ਹਿੰਸਾ ਦੀ ਨਸਲਕੁਸ਼ੀ ਵਜੋਂ ਨਿਖੇਧੀ।

**ਮਤੇ ਦੀ ਮੌਜੂਦਾ ਲਿਖਤ:** ਜਿਵੇਂ ਪੇਸ਼ ਕੀਤੀ ਗਈ ਸੀ ਉਵੇਂ ਹੀ।

ਨਵੰਬਰ ੧੯੮੪ ਦੀ ਇੰਡੀਆ ਵਿਚਲੀ ਸਿੱਖ ਵਿਰੋਧੀ ਹਿੰਸਾ ਦੀ ਨਸਲਕੁਸ਼ੀ ਵਜੋਂ ਨਿਖੇਧੀ ਕਰਦਾ ਮਤਾ।



ਨਿਊ ਜਰਸੀ ਦੀ ਸੈਨੇਟ ਵੱਲੋਂ ਸਿੱਖ ਨਸਲਕੁਸ਼ੀ ਦੇ ਤੱਥ ਨੂੰ ਤਸਲੀਮ ਕਰਦਾ ਮਤਾ ਪ੍ਰਵਾਣ ਕੀਤਾ ਗਿਆ

ਜਿਵੇਂ ਕਿ, ਸਿੱਖ ਭਾਈਚਾਰਾ, ਜਿਸ ਦਾ ਜਨਮ ਪੰਜਾਬ, ਇੰਡੀਆ ਵਿੱਚ ਹੋਇਆ, ਅਤੇ ਜੋ ਕਿ ੧੦੦ ਸਾਲ ਤੋਂ ਵੀ ਪਹਿਲਾਂ ਯੁਨਾਇਟਡ ਸਟੇਟਸ ਵਿੱਚ ਪਰਵਾਸ ਕਰਕੇ ਆਉਣਾ ਸ਼ੁਰੂ ਹੋਇਆ, ਨੇ ਯੁਨਾਇਟਡ ਸਟੇਟਸ ਅਤੇ ਇਸ ਕੌਮਨਵੈਲਥ ਦੀ ਤਰੱਕੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਅਤੇ

ਜਿਵੇਂ ਕਿ, ਸਿੱਖ ਮਤ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ ਜਿਸ ਨੂੰ ਮੰਨਣਵਾਲੇ ੩੦ ਮਿਲੀਅਨ ਦੇ ਕਰੀਬ ਹਨ, ਸਮੇਤ ਅੰਦਾਜ਼ਨ ੭,੦੦,੦੦੦ ਅਮਰੀਕਾ ਵਿੱਚ ਰਹਿਣ ਵਾਲਿਆਂ ਦੇ, ਅਤੇ

ਜਿਵੇਂ ਕਿ, ਸਿੱਖ ਨਸਲਕੁਸ਼ੀ ਇੰਡੀਆ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹਤਿਆ ਤੋਂ ਬਾਅਦ ੧ ਨਵੰਬਰ ੧੯੮੪ ਨੂੰ ਰਾਜਧਾਨੀ ਖੇਤਰ ਦਿੱਲੀ ਅਤੇ ਝਾਰਖੰਡ, ਮੱਧ ਪ੍ਰਦੇਸ਼, ਹਰਿਆਣਾ, ਉੱਤਰਾਖੰਡ, ਬਿਹਾਰ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉੜੀਸਾ, ਜੰਮੂ ਅਤੇ ਕਸ਼ਮੀਰ, ਛੱਤੀਸਗੜ੍ਹ, ਤ੍ਰਿਪੁਰਾ, ਤਾਮਿਲਨਾਡੂ, ਗੁਜਰਾਤ, ਆਂਧਰਾ ਪ੍ਰਦੇਸ਼, ਕੇਰਲਾ ਅਤੇ ਮਹਾਂਰਾਸ਼ਟਰ ਸੂਬਿਆਂ ਵਿੱਚ ਸ਼ੁਰੂ ਹੋਈ, ਅਤੇ

ਜਿਵੇਂ ਕਿ, ਸਿੱਖ ਨਸਲਕੁਸ਼ੀ ਤਿੰਨ ਦਿਨ ਜਾਰੀ ਰਹੀ ਅਤੇ ੩੦ ਹਜ਼ਾਰ ਤੋਂ ਵੱਧ ਸਿੱਖ ਕਰੂਰਤਾ ਨਾਲ ਕਤਲ ਕੀਤੇ ਗਏ ਜਾਂ ਮਾਰੇ ਗਏ ਜਦੋਂ ਕਿ ਉਹਨਾ ਦਾ ਘਰਾਂ ਵਿੱਚ ਹੀ ਸ਼ਿਕਾਰ ਕੀਤਾ ਗਿਆ, ਜਿੱਥੇ ਕਿ ਉਹਨਾਂ ਦੀ ਕੁੱਟਮਾਰ ਕਰਕੇ ਜਿਉਂਦਿਆਂ ਹੀ ਸਾੜ ਦਿੱਤਾ ਗਿਆ, ਅਤੇ

ਜਿਵੇਂ ਕਿ, ੧੯ ਅਪਰੈਲ, ੨੦੧੫ ਨੂੰ ਕੈਲੀਫੋਰਨੀਆ ਦੀ ਸਟੇਟ ਅਸੰਬਲੀ ਨੇ ਇੱਕਮਤ ਹੋ ਕੇ ਸਾਂਝਾ ਅਸੰਬਲੀ ਮਤਾ ੩੪ ਪ੍ਰਵਾਨ ਕੀਤਾ, ਜਿਹੜਾ ਕਿ ਇੰਡੀਅਨ ਸਰਕਾਰ ਵੱਲੋਂ ਸਿੱਖਾਂ ਦੇ ਵਿਓਂਤਬੱਧ ਅਤੇ ਜਥੇਬੰਦਕ ਤਰੀਕੇ ਨਾਲ ਕੀਤੇ ਗਏ ਕਤਲਾਂ ਨੂੰ ਤਸਲੀਮ ਕਰਦਾ ਹੈ ਅਤੇ ੧੯੮੪ ਦੀ ਸਿੱਖ ਨਸਲਕੁਸ਼ੀ ਵਿੱਚ ਜਾਨਾਂ ਗਵਾਉਣ ਵਾਲਿਆਂ ਨੂੰ ਯਾਦ ਕਰਦਾ ਹੈ; ਅਤੇ

ਜਿਵੇਂ ਕਿ, ੧੭ ਅਕਤੂਬਰ, ੨੦੧੯ ਨੂੰ ਕੌਮਨਵੈਲਥ ਆਫ ਪੈਨਸਿਲਵੀਨੀਆ ਦੀ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਹਾਊਸ ਮਤਾ ਐਚ.ਆਰ.੧੧੬੦ ਪ੍ਰਵਾਨ ਕਰਕੇ ਨਵੰਬਰ ੧੯੮੪ ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਐਲਾਨਿਆ ਹੈ; ਅਤੇ

ਜਿਵੇਂ ਕਿ, ਚਸ਼ਮਦੀਦ ਗਵਾਹਾਂ, ਪੱਤਰਕਾਰਾਂ ਅਤੇ ਮਨੁੱਖੀ ਹੱਕਾਂ ਦੇ ਕਾਰਕੁਨਾਂ ਵੱਲੋਂ ਇਹ ਦਰਸਾਉਂਦੇ ਸਬੂਤ ਇਕੱਠੇ ਕੀਤੇ ਗਏ ਹਨ ਕਿ ਸਰਕਾਰ ਅਤੇ ਕਾਨੂੰਨ ਅਮਲ ਵਿੱਚ ਲਿਆਉਣ ਵਾਲੇ ਅਫਸਰਾਨ ਨੇ ਕਤਲਾਂ ਦਾ ਪ੍ਰਬੰਧ ਕੀਤਾ, ਉਨ੍ਹਾਂ ਵਿੱਚ ਹਿੱਸੇਦਾਰ ਬਣੇ, ਅਤੇ ਸਿੱਧੇ ਜਾਂ ਅਸਿੱਧੇ ਸਾਧਨਾਂ ਨਾਲ ਦਖਲ ਦੇ ਕੇ ਇਨ੍ਹਾਂ ਨੂੰ ਰੋਕਣ ਤੋਂ ਨਾਕਾਮ ਰਹੇ, ਅਤੇ

ਜਿਵੇਂ ਕਿ, ਹਾਲੀ ੨੦੧੧ ਵਿੱਚ ਹੀ ਹਰਿਆਣੇ ਦੇ ਹੋਂਦ ਚਿੱਲੜ ਅਤੇ ਪਟੌਦੀ ਵਿੱਚ ਘਾਣਗਾਹਾਂ ਮਿਲੀਆਂ ਹਨ, ਅਤੇ ਇੰਡੀਅਨ ਸਰਕਾਰ ਦੇ ਅਫਸਰਾਨ ਅਤੇ ਪੁਲਿਸ ਵੱਲੋਂ ਪ੍ਰਤੱਖ ਦੰਡ-ਮੁਕਤੀ ਦੇ ਅਮਲ ਦੇ ਚੱਲਦਿਆਂ ਭਵਿੱਖ ਵਿੱਚ ਅਜਿਹੀਆਂ ਹੋਰ ਵੀ ਮਿਲਦੀਆਂ ਰਹਿਣਗੀਆਂ; ਅਤੇ

ਜਿਵੇਂ ਕਿ, ਤਿਲਕ ਵਿਹਾਰ, ਦਿੱਲੀ ਵਿੱਚਲੇ 'ਵਿਧਵਾ ਮਹੱਲੇ' ਵਿੱਚ ਹਾਲੀ ਵੀ ਹਜ਼ਾਰਾਂ ਸਿੱਖ ਬੀਬੀਆਂ ਹਨ, ਜਿਹਨਾਂ ਨਾਲ ਜ਼ਬਰੀ ਸਮੂਹਿਕ ਬਲਾਤਕਾਰ ਕੀਤੇ ਗਏ, ਅਤੇ ਜਿਹਨਾਂ ਨੂੰ ਆਪਣੇ ਪਤੀ, ਪਿਤਾ ਅਤੇ ਪੁੱਤਰਾਂ ਦੀ ਮਾਰਕੁੱਟ, ਜਿਉਂਦੇ ਸਾੜਨ ਅਤੇ ਉਹਨਾਂ ਕਤਲ ਨੂੰ ਅੱਖੀਂ ਵੇਖਣ ਲਈ ਮਜਬੂਰ ਕੀਤਾ ਗਿਆ ਅਤੇ ਜੋ ਹਾਲੀ ਵੀ ਮੁਜਰਿਮਾਂ ਖਿਲਾਫ ਨਿਆਂ ਕਰਨ ਦੀ ਮੰਗ ਕਰ ਰਹੀਆਂ ਹਨ; ਅਤੇ

ਜਿਵੇਂ ਕਿ, ਸਿੱਖ ਨਸਲਕੁਸ਼ੀ ਵਿੱਚ ਜਿੰਦਾ ਬਚਣ ਵਾਲੇ ਕਈ ਜੀਅ ਅਖੀਰ ਯੁਨਾਇਟਡ ਸਟੇਟਸ ਵਿੱਚ ਆ ਵੱਸੇ ਅਤੇ ਉਹਨਾ ਫਰੈਜ਼ਨੋ, ਯੁਬਾ ਸਿਟੀ, ਸਟੌਕਟੋਨ, ਫਰੀਮੌਂਟ, ਗਲੈਨਰੌਕ, ਨਿਊਯਾਰਕ ਸਿਟੀ ਅਤੇ ਫਿਲਾਡਿਲਫੀਆ ਸਮੇਤ ਕਈ ਹੋਰਨਾਂ ਥਾਵਾਂ ਉੱਤੇ ਵੱਡੇ ਸਿੱਖ ਭਾਈਚਾਰੇ ਦੀ ਸਥਾਪਨਾ ਕੀਤੀ; ਅਤੇ

ਜਿਵੇਂ ਕਿ, ਯੁਨਾਇਟਡ ਸਟੇਟਸ ਅਤੇ ਨਿਊ ਜਰਸੀ ਵਿਚਲਾ ਸਿੱਖ ਭਾਈਚਾਰਾ ਨਸਲਕੁਸ਼ੀ ਦੇ ਭੌਤਿਕ ਪੱਖ ਦੇ ਅਸਰਾਂ ਤੋਂ ਉੱਭਰ ਆਇਆ ਹੈ ਤੇ ਉਹ ਇਸ ਦੌਰਾਨ ਮਾਰੇ ਗਏ ਜੀਆਂ ਦੀ ਯਾਦ ਨੂੰ ਜ਼ਿੰਦਾ ਰੱਖਦੇ ਆ ਰਹੇ ਹਨ ਅਤੇ ਕਦੇ ਵੀ ਇਸ ਨਸਲਕੁਸ਼ੀ ਨੂੰ ਨਹੀਂ ਭੁੱਲਣਗੇ; ਅਤੇ

ਜਿਵੇਂ ਕਿ, ੧੯੮੪ ਵਿਚ ਇੰਡੀਆ ਭਰ ਵਿੱਚ ਸਰਕਾਰੀ ਸਰਪ੍ਰਸਤੀ ਹੇਠ ਸਿੱਖਾਂ ਨੂੰ ਹਿੰਸਾ ਦਾ ਨਿਸ਼ਾਨਾ ਬਣਾਉਣ ਨੂੰ ਮਾਨਤਾ ਦੇਣਾ ਨਿਆਂ, ਜਵਾਬਦੇਹੀ ਅਤੇ ਸਦਭਾਵਨਾ ਵੱਲ ਇਹ ਮਹੱਤਵਪੂਰਨ ਅਤੇ ਇਤਿਹਾਸਕ ਕਦਮ ਹੋਵੇਗਾ, ਜੋ ਕਿ ਦੁਨੀਆਂ ਸਰਕਾਰਾਂ ਲਈ ਵੀ ਮਿਸਾਲ ਬਣਨਾ ਚਾਹੀਦਾ ਹੈ; ਇਸ ਲਈ

ਸਟੇਟ ਆਫ ਨਿਊ ਜਰਸੀ ਦੀ ਸੈਨੇਟ ਵਲੋਂ ਇਹ ਮਤਾ ਕੀਤਾ ਜਾਂਦਾ ਹੈ,

੧. ਨਿਊ ਜਰਸੀ ਦੀ ਸੈਨੇਟ ਨਵੰਬਰ ੧੯੮੪ ਦੀ ਸਿੱਖ ਵਿਰੋਧੀ ਹਿੰਸਾ ਦੀ ਨਸਲਕੁਸ਼ੀ ਵਜੋਂ ਨਿਖੇਧੀ ਕਰਦੀ ਹੈ।

੨. ਇਸ ਮਤੇ ਦੀਆਂ ਨਕਲਾਂ, ਜਿਵੇਂ ਕਿ ਸੈਕਟਰੀ ਆਫ ਸਟੇਟ ਕੋਲ ਪੇਸ਼ ਕੀਤੀਆਂ ਗਈਆਂ ਹਨ, ਅਮਰੀਕਾ ਦੇ ਰਾਸ਼ਟਰਪਤੀ ਅਤੇ ਉੱਪ-ਰਾਸ਼ਟਰਪਤੀ ਦੇ ਸੈਕਟਰੀ ਆਫ ਦਾ ਸੈਨੇਟ, ਅਮਰੀਕਾ ਦੀ ਸੈਨੇਟ ਦੇ ਬਹੁਗਿਣਤੀ ਅਤੇ ਘੱਟਗਣਤੀ ਦੇ ਆਗੂਆਂ, ਅਮਰੀਕਾ ਦੇ ਹਾਊਸ ਆਫ ਰਿਪ੍ਰਿਜ਼ੈਂਟੇਟਿਵਸ ਦੇ ਸਪੀਕਰ ਅਤੇ ਘੱਟਗਿਣਤੀ ਦੇ ਆਗੂ, ਅਤੇ ਇਸ ਸੈਨੇਟ ਵਿਚੋਂ ਅਮਰੀਕੀ ਕਾਂਗਰਸ ਲਈ ਚੁਣੇ ਗਏ ਹਨ ਜੀਅ ਨੂੰ ਭੇਜੀਆਂ ਜਾਣਗੀਆਂ।

- ੦ -